# ਗੁਰੂ ਗ੍ਰੰਥ ਸਾਹਿਬ ਵਿੱਚ ਵਰਤੀਆਂ ਕੁੱਝ ਭਾਸ਼ਾਵਾਂ ਦੇ ਦਰਸ਼ਨ

## ਕਿਸ਼ਤ ਦੂਜੀ

ਭਾਸ਼ਾ ਹੈ ਪਰ ਆਧੁਨਿਕ ਜੁੱਗ ਦੀ ਫ਼ਾਰਸੀ ਭਾਸ਼ਾ ਨੌਵੀਂ ਸਦੀ ਵਿੱਚ ਸ਼ੁਰੂ ਹੋਈ । ਫ਼ਿਰਦੌਸੀ ਦਾ ਲਿਖਿਆ ਮਹਾਂ-ਕਾਵਿ 'ਸ਼ਾਹਨਾਮਾ' ਇਸੇ ਆਧੁਨਿਕ ਭਾਸ਼ਾ ਹੈ । ਸ਼੍ਰੀ ਗੁਰੂ ਗ੍ਰੰਥ ਸਾਹਿ਼ਬ ਵਿੱਚ ਇਸ ਭਾਸ਼ਾ ਨਾਲ਼ ਸੰਬੰਧਤ ਸ਼ਬਦਾਂ ਦੇ ਕੁੱਝ ਪ੍ਰਮਾਣ ਹਨ, ਜਿਵੇਂ:

ਖ਼ਵਾਸੀ (ਵਿਸ਼ੇਸ਼ ਨੌਕਰ), ਖ਼ੁਸ਼ੀ, ਖ਼ਸ਼ੀਆਂ, ਜ਼ਿਮੀ (=ਜ਼ਮੀਨ), ਲਸ਼ਕਰ, ਸ਼ਾਬਾਸ਼, ਯਕ (=ਇੱਕ) ਗੋਸ਼ (=ਕੰਨ, ੭੨੧), ਅਰਜ਼, ਗੁਫ਼ਤਮ (=ਗੁਫ਼ਤ+ਮ, ਮੈਂ ਆਖੀ), ਪੇਸ਼ (=ਸਾਮ੍ਹਣੇ), ਦਿਲ, ਦਾਨੀ, ਅਜ਼ਰਾਈਲ, ਜ਼ਨ (=ਔਰਤ), ਪਿਸਰ (=ਪੁੱਤਰ), ਪਦਰ (=ਪਿਤਾ), ਬਿਰਾਦਰਾ (=ਭਰਾ), ਕਸ (=ਕੋਈ), ਨੇਸ (=ਨਹੀਂ ਹੈ), ਦਸਤੰਗੀਰ (=ਸਹਾਈ), ਬਿਅਖ਼ਤਮ (=ਬਿਅਫ਼ਤ+ਮ=ਮੈਂ ਡਿਗਿਆ), ਚੂੰ (=ਜਦੋਂ), ਸ਼ਵੱਦ (=ਹੋਣਾ, ੭੨੧), ਸ਼ਬ (=ਰਾਤਿ, ੭੨੧), ਰੋਜ਼ (=ਦਿਨ, ੭੨੧), ਗਸ਼ਤਮ (=ਗਸ਼ਤ+ਮ=ਮੈਂ ਫਿਰਿਆ, ੭੨੧), ਦਰ (=ਵਿੱਚ, ੭੨੧), ਈਂ, ਚਿਨੀ, ਬਦਬਖ਼ਤ (੭੨੧), ਬੁਗੋਯਦ (੭੨੧), ਬੇਬਾਕ (੭੨੧), ਸਰ (=ਸਿਰ), ਬਾਸ਼ਾ(=ਇੱਕ ਪੰਛੀ, ੧੨੧੬), ਜ਼ੇਰ, ਹਮਹਿ, ਸ਼ਾਹ, ਹ਼ਰਾਮਖ਼ੋਰ, ਹ਼ਰਾਮਖ਼ੋਰੀ, ਅਦੋਹੁ, ਸ਼ਹਰ, ਕਮਜ਼ਾਤਿ, ਖ਼ਰੀਦ, ਗ਼ੈਰ ਵਜਹਿ, ਜ਼ਰ (=ਦੌਲਤ), ਨਿਸ਼ਾਨ, ਫ਼ੁਰਮਾਨ, ਖ਼ੁੰਦਕਾਰਾ (=ਹੇ ਬਾਦਿਸ਼ਾਹ!), ਗ਼ਲਤਾਨ, ਖ਼ੁਆਰੁ, ਖ਼ੂਬੁ, ਖ਼ਵਾਸੀ, ਅੰਦੇਸ਼, ਨਿਵਾਜ਼ੇ, ਖ਼ਸਲਤ, ਜ਼ੀਨ (=ਕਾਠੀ), ਬਾਜ਼ੀ, ਬਾਜ਼ੀਗਰ, ਬਾਗ਼, ਜਾਨੀ (=ਪਿਆਰਾ), ਦਾਰਦ, ਸਰਕਾਰ, ਖ਼ਰ, ਗਰਦਨ, ਚਾਕਰਾਂ, ਖ਼ਾਕੁ, ਹਮਕੀਨੀ (=ਸਦਾਸੰਗੀ, ੧੬੩), ਮੇ ਰਵਦਿ, ਅਸਤਿ, ਕਾਲੂਬਿ ਅਕਲ (=ਚੰਚਲ ਬੁੱਧੀ ਵਾਲ਼ਾ), ਸਿਆਹਹੁ (=ਕਾਲ਼ੇ ਰੰਗ ਤੋਂ, ੧੩੪), ਸਿਆਹੀ (੧੬), ਸਗ (=ਕੁੱਤਾ, ੧੨੯੧), ਖ਼ਾਨਾ (=ਘਰ, ੧੧੨੧), ਚਸ਼ਮ (=ਅੱਖਾਂ, ੭੨੩), ਮੂਇ (=ਕੇਸ਼, ੭੨੧), ਬਿਸੀਆਰ (=ਬਹੁਤ, ੭੨੨), ਮ (=ਮੈਂ, ੭੨੧; ਗੁਫ਼ਤ+ਮ), ਕੁਜਾ (=ਕਿੱਥੇ, ੭੨੨), ਆਮਦ (=ਆਇਆਂ), ਦੋਜ਼ਕੁ, ਭਿਸ਼ਤੁ, ਦਿਗਰ (=ਦੂਜਾ), ਦਰੋਗ਼ (=ਝੂਠ), ਦਰਵਾਜ਼ਾ, ਸਰੰਜਾਮਿ (=ਉੱਦਮ ਵਿੱਚ), ਆਦਿਕ ।

**੧੦. ਸਿੰਧੀ:**

'ਬਹਿਰੰਗ' ਬੋਲੀਆ ਦੇ ਉੱਤਰ-ਪੱਛਮੀ ਭਾਗ ਨਾਲ਼ ਇਸ ਭਾਸ਼ਾ ਦਾ ਸੰਬੰਧ ਹੈ । ਇਹ ਸਿੰਧ (ਪਾਕਿਸਤਾਨ) ਦੇ ਇਲਾਕੇ ਦੀ ਸਰਕਾਰੀ ਭਾਸ਼ਾ ਹੈ । ਭਾਰਤ ਵਿੱਚ ਸੰਨ ੨੦੧੧ ਈਸਵੀ ਦੀ ਮਰਦਮਸ਼ੁਮਾਰੀ ਅਨੁਸਾਰ ੧.੬੮ ਮਿਲੀਅਨ ਲੋਕਾਂ ਦੀ ਇਹ ਪਹਿਲੀ ਭਾਸ਼ਾ ਸੀ । ਪਾਕਿਸਤਾਨ ਵਿੱਚ ਲਗਭਗ ੩੦.੨੬ ਮਿਲੀਅਨ (ਜਨ ਗਣਨਾ ੨੦੧੭ ਅਨੁਸਾਰ) ਲੋਕਾਂ ਦੀ ਇਹ ਪਹਿਲੀ ਭਾਸ਼ਾ ਹੈ । ਭਾਰਤ ਵਿੱਚ ਇਸ ਦੀ ਲਿੱਪੀ ਦੇਵਨਾਗਰੀ ਬਣ ਗਈ ਹੈ ਜਦੋਂ ਕਿ ਪਾਕਿਸਤਾਨ ਵਿੱਚ ਮਿਲ਼ਵੀਂ ਅ਼ਰਬੀ/ਫ਼ਾਰਸੀ ਹੀ ਹੈ । ਇਸ ਭਾਸ਼ਾ ਨਾਲ਼ ਸੰਬੰਧਤ ਕੁੱਝ ਸ਼ਬਦ ਹਨ, ਜਿਵੇਂ: ਸਾਇਰ (=ਸਮੁੰਦਰ), ਡੂਗਰ (=ਪਹਾੜੀ ਰਸਤਾ), ਹਿਕ (=ਇੱਕ, ੭੬੧), ਹਭ, ਹਭੇ, ਹਭੋ, ਥੀਆ, ਥੀਏ, ਥੀਓਮਿ, ਵੰਞੁ, ਵੰਞਾ, ਮਸੁ, ਮਸੂ, ਡਿਸੰਦੋ (=ਦਿਸਦਾ ਹੈ, ੫੭੭), ਡਿਸੰਦਾ, ਡੀਹੜਾ, ਡੁਖ (=ਦੁੱਖ, ੧੦੯੫), ਡੁਖਾ, ਡੁਖੜੇ, ਡੁਖੀ, ਡੁਖੇ, ਲੂਗਰਾ, ਫਕੜੀ (=ਭੰਡੀ, ੬੫੩), ਖੇਪ, ਰੂੜੋ, ਪੈਜ, ਸਲਵੇ (=ਜਾਂਦਾ ਹੈ, ੧੦੯੫), ਫੂੜਿ, ਉਥਾਰੈ (=ਮੋਹ ਰੂਪੀ ਦਬਾਉ, ੬੫੧) ਮਹਿੰਜਾ, ਮਹਿੰਜੇ, ਤਹਿੰਜੀ (੭੬੧), ਮਹਿੰਡਾ, ਪਾਣੀ, ਸਸ, ਮਾਊ, ਪੀਊ, ਬਾਗ਼, ਛਾਛਿ, ਸੁਬਹ, ਮੇਂ, ਅੰਦਰਿ, ਮੌਤ, ਜਨਮ, ਅਸਮਾਨ, ਘਣਾ, ਘਣੋ, ਅਸਾ (=ਅਸੀਂ, ੫੭੯), ਮੈ ਕੂ (=ਮੈਨੂੰ, ੯੬੪), ਕੂੰ (=ਨੂੰ, ੮੧), ਆਘੂ ਆਘੇ (=ਅੱਗੇ, ੧੦੯੫), ਤਾਮਿ (=ਭੋਜਨ, ੩੪੯), ਕਾਪਰ (=ਕੱਪੜੇ, ੩੭੪), ਸੈਣ (=ਰਿਸ਼ਤੇਦਾਰ, ੭੬੦), ਬੀਜਉ (=ਦੂਜਾ, ੭੩੬), ਆਰਜਾ (੭੦੭), ਖੀਰੁ (=ਦੁੱਧ, ੬੯੩), ਰੂੜੋ (=ਉੱਤਮ, ੬੯੩), ਪਹਿਤਿ (=ਦਾਲ਼, ੪੭੯), ਭਜੁ

(=ਦੌੜ), ਖੜੁ (੪੮੯), ਜੁੰਮਣਹਾਰ (=ਨਾਸ਼ਵਾਨ), ਜੁਲਦੇ (=ਚੱਲਦੇ), ਜੁਲਾਂ (=ਚੱਲਾਂ, ੧੩੮੪), ਜੁਲੰਦੜੀ (=ਚਲਦੀ ਹੋਈ ਦਾ, ੯੬੪), ਜੁਲਾਈ (ਜੁਲਾਈਂ, ੭੬੧), ਜੁਲਿਆ (=ਚੱਲਿਆ, ੪੬੦), ਜੁਲਾਊਂ (=ਮੈਂ ਚੱਲੂੰ, ੧੧੦੧), ਜੁਲਾਈਆ (=ਮੈਂ ਚੱਲਾਂ, ੧੦੯੮), ਨਾਠੀ (=ਪ੍ਰਾਹੁਣਾ, ੧੩੮੧), ਨਾਠੀਅੜੇ (=ਪ੍ਰਾਹੁਣੇ, ੨੩), ਓਹੁ, ਸਿਸੁ (=ਸਿਰ), ਈਟੀ (=ਨੇਤ੍ਰੇ ਦੇ ਸਿਰੇ ਤੇ ਬੰਨ੍ਹੀ ਗੱਟੀ, ੭੨੮), ਊਂਧੋ (=ਉਲ਼ਟਾ, ਮੂਧਾ, ੨੨੫), ਊਂਧਉ (੧੧੨੬), ਊਂਧੈ (੫੦੪), ਅਉਤਾਕੁ (=ਮਨੁੱਖਾਂ ਦੀ ਬੈਠਕ, ੭੫੨), ਕਰਲਾ (=ਧੁਨਿ, ੫੧), ਅਜਾਇ (=ਵਿਅੱਰਥ, ੧੩੬੯), ਕਨਿ (=ਕੋਲ਼, ੫੫੮), ਜਾਨੀਅੜਾ, ਭਾਈਅੜਾ, ਊਭਿ (=ਅਕਾਸ਼ ਵਿੱਚ ੮੭੬; ਸਿੰਧੀ 'ਉਭ'), ਸੰਮਿ (=ਸੌਂ ਕੇ, ੧੩੭੯; ਸਿੰਧੀ 'ਸੁਮਿਓ'), ਦਹ (੧੦), ਕਿਥੈ (੧੪੧), ਕੰਨੁ (੧੦੮੬), ਧਣੀ (=ਮਾਲਕ, ੨੦), ਵਿਖ (=ਕ਼ਦਮ, ੩੧੯), ਦੀਨਾ (=ਦਿੱਤਾ, ੮੦), ਛਜਿ (=ਵਹਾਉ, ੧੩੯੧), ਜੂਠਿ (੪੮੯), ਰਾਧੇ (=ਬੀਜਣਾਂ, ੫੬), ਰਾਧੀ (=ਬੀਜੀ, ੧੩੭੯), ਧੁਕਣੁ (=ਦੌੜ, ੧੩੮੦; ਸਿੰਧੀ 'ਧਿਕਣ'), ਧਿਮਾਣੈ (=ਮਨ ਦਾ ਚਿਹਰੇ ਤੇ ਪ੍ਰਭਾਵ, ੧੦੧੦; ਸਿੰਧੀ 'ਧਮਾਨ'), ਧਿਰਾਂ (੩੧੭), ਪਿਨਣੇ (=ਮੰਗਤੇ, ੧੪੨੫; ਸਿੰਧੀ 'ਪਿੰਨਣੁ'), ਪਬਣਿ (=ਨੀਲੋਫਰ, ੨੩), ਚਵਾ (=ਬੋਲਾਂ, ੧੧੧੪; ਸਿੰਧੀ 'ਚਵਣੁ'), ਚਵਾਈ =ਬੋਲਾਂ, ੬੮੯), ਚਵਾਂਈਐ (=ਕਥਨ ਕਰੀਏ, ੧੪੫), ਚਵੇ (=ਬੋਲਦੇ ਹਨ, ੩੧੨), ਚਵੈ (=ਉਚਾਰਦਾ ਹੈ, ੧੦੧੦) ਆਦਿਕ ।

**੧੧. ਰਾਜਸਥਾਨੀ:**

ਭਾਰਤ ਵਿੱਚ ਇਹ ਰਾਜਸਥਾਨ ਦੀ ਭਾਸ਼ਾ ਹੈ ਜਿਸ ਨੂੰ ਬੋਲਣ ਵਾਲ਼ੇ ਹਰਿਆਣਾ, ਗੁਜਰਾਤ, ਅਤੇ ਮੱਧ ਪ੍ਰਦੇਸ਼ ਵਿੱਚ ਵੀ ਹਨ । ਪਾਤਿਸਤਾਨ ਦੇ ਸਿੰਧ ਅਤੇ ਪੰਜਾਬ ਵਿੱਚ ਵੀ ਇਹ ਬੋਲੀ ਜਾਂਦੀ ਹੈ । ਇਹ ਭਾਸ਼ਾ, ਸਿੰਧੀ ਅਤੇ ਗੁਜਰਾਤੀ ਦੇ ਨੇੜੇ ਹੈ । ਇਸ ਭਾਸ਼ਾ ਨਾਲ਼ ਸੰਬੰਧਤ ਸ਼ਬਦ ਹਨ, ਜਿਵੇਂ: ਜਵਾਬ, ਤੂ (=ਤੂੰ), ਕਾਲ (=ਕੱਲ੍ਹ), ਜਾਸੀ (=ਜਾਵੇਗਾ), ਥਾਰੋ (=ਤੁਹਾਡਾ, ੬੯੫), ਥਾਰੇ (=ਤੁਹਾਡੇ, ੬੩੧), ਹੋਸੀ (=ਹੋਵੇਗਾ), ਕਾਇਂ, ਅਉਰ (=ਹੋਰ), ਜਾਤ੍ਰਾ, ਰੰਗ (ਜਿਵੇਂ ਲਾਲ ਰੰਗ), ਕਥਾ, ਫਲ, ਲੋਗ (=ਲੋਕ), ਕੋ (=ਦਾ), ਯਾ (=ਇਸ), ਕਿਤੀ (=ਕਿੰਨੀ), ਸੰਗ (=ਸਾਥ, ੨੫੨), ਕਲਮ, ਪਿਆਰ, ਘਣ (=ਬੱਦਲ਼), ਘਣਾ (=ਬਹੁਤਾ), ਘਣੋ, ਨਾ (=ਨਹੀਂ), ਪਾਨੀ (=ਪਾਣੀ), ਅਨੰਦ, ਆਇਓ (=ਆਇਆ), ਸਮਝ, ਪ੍ਰੇਮ, ਹਥ, ਮਤਿ (=ਮਤਾਂ, ੧੧੯੬), ਬੀਸ, ਵੀਹ (=ਬੀਹ), ਹਰਿਓ (=ਹਰੇ ਰੰਗ ਦਾ), ਗਇਓ, ਦਖਨ (=ਦਿਸ਼ਾ), ਉਤਰ (ਦਿਸ਼ਾ), ਉਪਰ (=ਉੱਤੇ), ਨੀਚੇ (=ਹੇਠਾਂ ਵਲ), ਰੋਟੀ, ਭਾਈ (=ਭਰਾ), ਸਸੁ (=ਰਿਸ਼ਤਾ), ਹਾਂ (=ਠੀਕ ਹੈ, ੭੧੫), ਮੀਡਕੋ (=ਡੱਡੂ, ੨੪), ਲਖਮੀ, ਅੱਛਰ (=ਅੱਖਰ, ੩੪੦), ਆਦਿਤਵਾਰਿ (=ਐਤਵਾਰ ਰਾਹੀਂ, ੮੪੧), ਸੋਇਓ, ਖਾਇਓ, ਅਗਿਆਨੀ, ਆਦਿਕ ।

**੧੨. ਮਰਾਠੀ:**

ਭਾਰਤ ਦੇ ਦੱਖਣ ਪੱਛਮੀ ਭਾਗ ਦੀ ਆਖ਼ਰੀ ਆਰੀਆ ਬੋਲੀ ਹੈ । ਪੂਨੇ ਦੇ ਆਸ ਪਾਸ ਦੀ ਸ਼ੁੱਧ ਮਰਾਠੀ ਮੰਨੀ ਜਾਂਦੀ ਹੈ । ਧਾਤੂਆਂ ਦੇ ਪਿੱਛੇ ਲਾ/ਲੇ ਲਾਇਆ ਜਾਂਦਾ ਹੈ । ਮਰਾਠੀ ਭਾਸ਼ਾ ਦੇ ਕੁੱਝ ਸ਼ਬਦ ਹਨ-ਬਾਲਹਾ, ਕਰਹਲਾ, ਭਵਰਲਾ, ਹੰਸੁਲਾ, ਕੁਨੁ, ਕੀਅਲੋ, ਤਜੀਅਲੇ, ਦੈਲਾ, ਭੇਲਾ, ਭੇਟੁਲਾ, ਡੀਠੁਲਾ, ਛੂਟਲਾ, ਘੂਟਲਾ, ਬਾਧਿਲਾ, ਬਜਾਇਲਾ, ਆਇਲਾ, ਕੋਪਿਲਾ, ਹੋਇਲਾ, ਜਪਲਾ, ਚੇ (=ਦੇ, ੬੯੩), ਚੀ (=ਦੀ, ੪੮੬), ਚ (=ਦੇ, ੪੮੬), ਚੈ (=ਦੇ, ੧੨੯੨), ਚੋ (=ਦਾ, ੪੮੮), ਪਰਲਾ (=ਪਿਆ, ੮੯੧), ਜਾਣਲਾ, ਬੰਚਲਾ (=ਠੱਗਿਆ ਗਿਆ), ਤਾਰੀਅਲੇ, ਪੇਖੀਅਲੇ, ਚੇਤੀਅਲੇ, ਸੇਵੀਅਲੇ, ਬਾਜੀਅਲੇ, ਜਾਪੀਅਲੇ, ਆਨੀਲੇ (=ਲਿਆਂਦਾ), ਕਾਟੀਲੇ, ਭਰਮੀਅਲੇ, ਰਾਖੀਅਲੇ, ਬੇਧੀਅਲੇ, ਮਾਂਡੀਅਲੇ, ਭਰਾਈਲੇ, ਰੀਧਾਈਲੇ (=ਰਿੰਨ੍ਹ ਲਈ),

ਦਾਧੀਲੇ (=ਸਾੜ ਦਿੱਤਾ), ਉਪਾੜੀਲੇ, ਤੋਖੀਲੇ(=ਪ੍ਰਸੰਨ ਕੀਤਾ), ਅਸ ਗਾ, ਉਸ ਗਾ, ਮਾਝੈ (=ਮੈਨੂੰ, ੪੮੬), ਕੁਤਰੇ (=ਕੁੱਤੇ, ੧੭੧), ਨਾਵ (=ਨਾਂ, ੪), ਪਲਘਿ (=ਪਲੰਗ, ੧੪), ਕਾਗਦ (੧੫), ਖਿੜਕੀ (੧੧੫੯), ਕਿਤੀ (੧੦੧੪), ਮਾਂਜਾਰ (=ਬਿੱਲੇ, ੧੧੬੦), ਮਧੇ (੧੦੨), ਨਾਹੀ (=ਨਹੀਂ, ੫੧), ਏਕਤ੍ਰ (੧੦੭੨), ਅੰਨੁ (੮੭੩), ਤਾਰੇ (੪੫੯), ਬਹਿਣ (=ਭੈਣ, ੯੩੫), ਸਮਝਤ (੧੩੫੨), ਕੇਸ (=ਸਿਰ ਦੇ ਵਾਲ਼, ੯੩), ਤੇ (=ਉਹ, ੪੮੦), ਰਕਤ, ਹਾਡ, ਕਾਪੜ, ਅੰਧਾਰ, ਮਰਣ ; ਸੁਨਣੇ, ਤਰਣੇ, ਗਨਣੇ, ਧਰਣੇ, ਪਵਣੇ---੧੧੩੫; ਕਾਰਣੇ, ਮਾਰਣੇ, ਪਾਵਣੇ, ਰਾਵਣੇ---੧੩੬੩ ; ਏਕ, ਖਰੇ, ਸਾਰਖੇ (=ਵਰਗੇ, ਉਹੋ ਜਿਹੇ- ੧੩੭੪), ਵਿਚਾਰ, ਤ੍ਰਾਸ, ਚੂਕ (=ਭੁੱਲ), ਤਰੁਣ (=ਜਵਾਨ), ਦਗਰਾ (=ਪੱਥਰ ਜਿਹਾ ਕਠੋਰ, ੪੮੫), ਮਖਤੂਲ (=ਰੇਸ਼ਮ ਵਰਗੇ, ੪੮੬), ਪ੍ਰੇਮ, ਕਰਤੋ (=ਕਰਦਾ, ੨੧੪), ਕਰਤੇ (=ਕਰਦੇ, ੪੭੯), ਹੋ (=ਹਾਂ, ੬੯੪), ਆਵਾ (=ਆਇਆ), ਭਾਗਾ (=ਦੌੜਿਆ), ਕਉਨੈ (=ਕਿਹੜੇ), ਬੀਠਲੁ (੪੮੫), ਕਿੰਬਾ (੩੩੫) ਆਦਿਕ ।

**੧੩. ਬ੍ਰਜ ਭਾਸ਼ਾ:**

ਇਹ ਪੱਛਮੀ ਹਿੰਦੀ ਦੀ ਸ਼ਾਖ਼ ਹੈ ਜਿਸ ਦਾ ਕੇਂਦਰ ਮਥੁਰਾ ਹੈ । ਇਸ ਨੂੰ ਬ੍ਰੱਜੀ, ਬ੍ਰੱਜ ਬੋਲੀ ਅਤੇ ਬ੍ਰਿਜ ਭਾਸ਼ਾ ਵੀ ਕਿਹਾ ਜਾਂਦਾ ਹੈ । ਉੱਨੀਵੀਂ ਸਦੀ ਦੀ ਸਾਹਿਤਕ ਹਿੰਦੁਸਤਾਨੀ ਤੋਂ ਪਹਿਲਾਂ ਬ੍ਰਜ ਭਾਸ਼ਾ, ਉੱਤਰ-ਕੇਂਦਰੀ ਭਾਰਤ ਵਿੱਚ ਅਵਧੀ ਬੋਲੀ ਸਮੇਤ ਇੱਕ ਪ੍ਰਮੁੱਖ ਸਾਹਿਤਕ ਭਾਸ਼ਾ ਸੀ । ਅਮੀਰ ਖ਼ੁਸਰੋ (ਸੰਨ ੧੨੫੩-੧੩੨੫) ਅਤੇ ਭਾਈ ਗੁਰਦਾਸ (ਸੰਨ ੧੫੫੧-੧੬੩੬) ਦੀ ਕੁੱਝ ਕਾਵਿ ਰਚਨਾ ਬ੍ਰੱਜ ਭਾਸ਼ਾ ਵਿੱਚ ਹੈ । 'ਛਾਪ ਤਿਲਕ ਸਭ ਛੀਨੀ' ਅਮੀਰ ਖ਼ੁਸਰੋ ਦੀ ਬ੍ਰੱਜ ਭਾਸ਼ਾ ਵਿੱਚ ਪ੍ਰਸਿੱਧ ਕਾਵਿ ਰਚਨਾ ਹੈ । ਸੂਰਦਾਸ (ਪੰਦਰਵੀ/ਸੋਲ੍ਹਵੀਂ ਸਦੀ) ਵਲੋਂ ਲਿਖੇ ਕ੍ਰਿਸ਼ਣ ਭਗਤੀ ਦੇ ਭਜਨਾਂ ਵਿੱਚ ਬ੍ਰਿਜ ਭਾਸ਼ਾ ਹੈ, ਜਿਵੇਂ- 'ਮੈ ਨਾਹੀਂ ਮਾਖਨ ਖਾਇਓ' ਬ੍ਰਜ ਭਾਸ਼ਾ ਵਿੱਚ ਹੈ । ਭਾਰਤੀ ਸ਼ਾਸਤ੍ਰੀ ਸੰਗੀਤ ਦੀ ਮੁੱਖ ਭਾਸ਼ਾ ਬ੍ਰੱਜ ਹੀ ਹੈ । ਇਸ ਭਾਸ਼ਾ ਨਾਲ਼ ਸੰਬੰਧਤ ਕੁੱਝ ਸ਼ਬਦ ਹਨ, ਜਿਵੇਂ: ਹੀਅਰਾ, ਜੀਅਰਾ, ਜੋਲਾਹਰਾ, ਜਾਟਰੋ, ਦਾਸਰੋ, ਪਾਸਰਾ (੭੬੧), ਦੇਹੁਰੀ, ਛੀਪਰੋ, ਬੇੜੁਲਾ, ਅੰਧੁਲਾ, ਮੀਤੁਲਾ, ਚੇਰੁਲੀ, ਮੀਠੁਲੀ, ਬਾਗਰਾ, ਮੋਰਾ (=ਮੇਰਾ, ੩੩੬), ਨਾਚਹਿ, ਗਾਵਹਿ, ਕੀਨੋ, ਕੀਓ, ਗਇਓ, ਦੀਨੋ, ਸਰਿਓ, ਭਜਿਓ, ਲੇਨ, ਦੇਨ, ਤਾਰਨੋ, (੮੦੧), ਗਾਵਨੋ (੮੦੧), ਬਿਸਾਰਨੋ (੮੦੧), ਖਾਵਨੋ (੧੩੨੩), ਧਾਵਨੋ (੧੩੨੩), ਲਾਵਨੋ (੮੦੧, ੧੩੨੩), ਜਾਸ, ਕਾ ਕੋ, ਜਾ ਕੋ, ਪਉਸਨਿ (=ਪੈਣਗੀਆਂ), ਜਾਸਨਿ (=ਜਾਣਗੇ), ਦੇਸਨਿ (=ਦੇਣਗੇ), ਕਹਸਨਿ (=ਕਹਿਣਗੇ), ਚਾਲਸਹਿ (=ਤੁਰ ਜਾਣਗੇ), ਹੋਵਹਿ (=ਹੋਵੋਗੇ), ਪਾਇਹਿ (=ਪਾਓਗੇ), ਲਹਸਹਿ (=ਤੂੰ ਲਵੇਂਗਾ), ਉਧਰਸਿ (=ਤਰੇਂਗਾ), ਪਛੁਤਾਵਹੇ (=ਪਛੁਤਾਵੇਂਗਾ), ਜਾਵਹੇ (=ਤੂੰ ਜਾਏਂਗਾ), ਗਵਾਵਹਿ (=ਤੂੰ ਗਵਾ ਲਏਂਗਾ), ਕਰਹੁ (=ਕਰੋਗੇ), ਸਰੇਵਹੁ (=ਸਿਮਰੋਗੇ), ਸੇਵਸਾ (=ਸਿਮਰਾਂਗਾ), ਖੇਲਸਾ (=ਖੇਲਾਂਗਾ), ਦੇਖਸਾ (=ਦੇਖਾਂਗਾ), ਲੈ ਹਉ (=ਲਵਾਂਗਾ), ਦੈ ਹਉ (=ਦੇ ਦਿਆਂਗਾ), ਕਰਿ ਹਉ (=ਕਰਾਂਗਾ), ਗਾਵਉਗੋ (=ਗਾਵਾਂਗਾ), ਬਜਾਵਉਗੋ (=ਵਜਾਵਾਂਗਾ), ਪੈਸਉ (=ਮੈਂ ਪਵਾਂਗਾ), ਕਰਸਹ (=ਅਸੀਂ ਕਰਾਂਗੇ) ਆਦਿਕ ।

**੧੪. ਖੜੀ ਬੋਲੀ:**

ਹਿੰਦੀ ਦੀ ਇਹ ਉੱਪ-ਭਾਸ਼ਾ, ਮੇਰਠ ਦੇ ਚੌਹੀਂ ਪਾਸੀਂ ਬੋਲੀ ਜਾਂਦੀ ਸੀ । ਨਮੂਨੇ ਵਜੋਂ ਇਸ ਬੋਲੀ ਨਾਲ਼ ਸੰਬੰਧਤ ਕੁੱਝ ਸ਼ਬਦ ਹਨ, ਜਿਵੇਂ: ਬਛਰਾ, ਗੁਰਸਿੱਖੜਾ, ਪਿਆਰੜਾ, ਜਿੰਦੁੜੀਏ, ਨਿਰਗੁਣਵੰਤੜੀਏ, ਦੇਹੜਿ, ਬਿਰਹੜਾ, ਮਤੜੀ, ਦਰਸਾਵੜਾ, ਰੁਖੜਾ, ਇਠੜਾ, ਮਿਠੜਾ, ਮਿਤੜਾ, ਬੰਕੁੜਾ, ਸੁਹਾਵੜਾ, ਸਾਹੁਰੜੀ, ਲਹੁੜਾ (ਛੋਟਾ, ਅੰਞਾਣਾ- ੬੨੭), ਲਹੁੜੇ (ਅੰਞਾਣੇ, ੯੫੭), ਭਿੰਨੜੀ, ਭਿੰਨਿਅੜੇ, ਦਾਤੜੀ, ਆਨਾ, ਜਾਨਾ, ਕਰਨਾ ਆਦਿਕ ।

**੧੫. ਅਵਧੀ:**

ਹਿੰਦੀ ਦੀਆਂ ਤਿੰਨ ਮੁੱਖ ਉਪ-ਭਾਸ਼ਾਵਾਂ ਹਨ- ਅਵਧੀ, ਬ੍ਰਜ ਅਤੇ ਖੜੀ । ਇਹ ਸ਼ਾਖ਼ (ਅਵਧੀ) ਉੱਤਰ ਪ੍ਰਦੇਸ਼ ਦੇ ਅਵਧ ਦੇ ਖਿੱਤੇ ਵਿੱਚ, ਅਲਾਹਾਬਾਦ ਤੇ ਬਨਾਰਸ ਤਕ ਬੋਲੀ ਜਾਂਦੀ ਹੈ । ਭਾਰਤ ਵਿੱਚ ੩.੮੫ ਮਿਲੀਅਨ ਲੋਕ (ਜਨ ਗਣਨਾ ੨੦੧੧ ਅਨੁਸਾਰ) ਅਵਧੀ ਬੋਲਦੇ ਹਨ । ਨੇਪਾਲ ਵਿੱਚ ੫੦੧,੭੫੨ ਲੋਕ (ਜਨ ਗਣਨਾ ੨੦੧੧ ਅਨੁਸਾਰ) ਅਵਧੀ ਬੋਲਦੇ ਹਨ । ਇਸ ਭਾਸ਼ਾ ਨਾਲ਼ ਸੰਬੰਧਤ ਕੁੱਝ ਸ਼ਬਦ ਹਨ, ਜਿਵੇਂ: ਚੋਲਨਾ, ਬਿਟਵਹਿ (=ਅੰਞਾਣ ਬੇਟੇ ਨੇ); ਆਵਾ, ਰਹਾਵਾ, ਪਾਵਾ, ਸਮਝਾਵਾ, ਧਾਵਾ, ਬਧਾਵਾ, ਜਾਵਾ, ਖਾਵਾ, ਧੁੰਧਰਾਵਾ, ਲਾਵਾ…ਭੂਤ ਕਾਲ਼ ਦੀਆਂ ਕਿਰਿਆਵਾਂ ਦੇ ਸ਼ਬਦ; ਜਾਸੀ (=ਜਾਵੇਗਾ), ਅਲਾਏਸੀ, ਚਲਸੀ, ਥੀਸੀ (=ਹੋਵੇਗਾ), ਰਖਸੀ, ਪਕਰਸਿ (=ਪਕੜੇਗਾ), ਉਤਰਸਿ, ਕਹਿਬੋ (=ਕਹੋਂਗੇ, ੩੨੫), ਰਹਿਬੋ (=ਰਹੋਗੇ, ੩੨੫), ਮਰਿਬੋ (=ਮਰੇਗਾ, ੩੨੫), ਪਾਇਬੋ (=ਪਾਏਗਾ, ੩੪੬), ਹੋਇਬੋ (=ਹੋਏਗਾ, ੩੪੬), ਜੈਬੋ (=ਜਾਏਗਾ, ੬੯੨), ਐਬੋ (=ਆਏਗਾ, ੬੯੨), ਬਕਿਬੋ (=ਆਖੇਗਾ, ੮੭੦), ਚਢਿਬੋ (=ਚੜ੍ਹੇਗਾ, ੮੭੧), ਹੋਇਬਾ (=ਹੋਏਗਾ, ੧੩੨੯), ਮਿਲਬੋ (=ਮਿਲ਼ੇਗਾ, ੮੭੩), ਪੜਿਬੋ (=ਪੜ੍ਹਨਾ, ੧੩੬੬), ਪੜਿਬੇ (=ਪੜ੍ਹਨ, ੧੩੬੬), ਬਾਸਿਬੋ (੧੨੦੪), ਖੇਬੋ (੮੭੧), ਆਇਬੋ, ਜਾਇਬੋ, ਖਾਈ (=ਖਾਏਗਾ), ਛੂਟਸਿ, ਲਹਗੁ, ਹੋਗੁ, ਜਾਇਗੋ, ਤਾਰਗਿ, ਵਜਗਿ, ਢਹਗਿ, ਲਰਿਕਾ, ਲਰਿਕੀ, ਤੋਰ (ਤੇਰੀ, ੧੨੬੫), ਮੋਰ (=ਮੇਰਾ, ੬੧), ਕਰਿਆ (=ਕੀਤਾ, ੬੫੬), ਤੁਹਾਰਿ (=ਤੁਹਾਡਾ, ੨੪੧), ਹਮਾਰ (=ਸਾਡਾ, ੩੪੫), ਭਾਗਾ (=ਦੌੜਾ, ੬੨੬), ਕਉਨੇ (=ਕਿਹੜੇ, ੧੩੬੫), ਸਕਤ (=ਸਕਦਾ, ੧੨੨੮) ਆਦਿਕ ।

**੧੬. ਪੱਛਮੀ ਅਵਧੀ:**

ਅਵਧੀ ਦੀ ਇਸ ਸ਼ਾਖ਼ਾ ਦੇ 'ਭਵਿਖਤ ਕਾਲ਼' ਦੇ 'ਤੀਜੇ ਪੁਰਖ' ਇਕ-ਵਚਨ ਦਾ ਰੂਪ ਬ੍ਰਜਭਾਸ਼ਾ ਵਰਗਾ ਹੀ ਹੁੰਦਾ ਹੈ, ਜਿਵੇਂ: ਕਰਿ ਹੈ (=ਕਰੇਗਾ, ੧੧੬੫), ਹੋਇ ਹੈ (=ਹੋਵੇਗਾ, ੧੩੫੨), ਗ੍ਰਸਿ ਹੈ (=ਖਾ ਲਏਗਾ, ੬੩੧) ਆਦਿਕ ।

**੧੭ ਪੂਰਬੀ ਅਵਧੀ:**

ਅਵਧੀ ਦੀ ਇਸ ਸ਼ਾਖਾ ਵਿੱਚ, ਭਵਿਖਤ ਕਾਲ਼ ਤੀਜਾ ਪੁਰਖ ਇਕ-ਵਚਨ ਬਣਾਉਣ ਲਈ ਅੰਤ ਵਿੱਚ 'ਈ' ਲੱਗਦੀ ਹੈ, ਜਿਵੇਂ: ਸਿਧਾਈ (=ਚਲੇ ਜਾਏਗਾ, ੮੮੫), ਖਾਈ (=ਖਾਵੇਗਾ, ੮੮੫) ਆਦਿਕ ।

**੧੮. ਬਾਂਗਰ ਦੀ ਬੋਲੀ:**

ਇਹ ਕੈਥਲ ਅਤੇ ਕਰਨਾਲ ਦੇ ਆਸ ਪਾਸ ਦੇ ਇਲਾਕੇ ਦੀ ਭਾਸ਼ਾ ਹੈ । ਬਾਂਗਰ ਦੀ ਬੋਲੀ ਨਾਲ਼ ਸੰਬੰਧਤ ਕੁੱਝ ਸ਼ਬਦ ਹਨ, ਜਿਵੇਂ: ਬਈਅਰਿ(=ਇਸਤਰੀ, (੬੩੭), ਬਇਆਲਿ (=ਸੰਝ, ੨੪), ਈਘੈ (=ਇਸ ਪਾਸੇ, ੮੨੭) , ਕੈਠੈ (=ਕਿੱਥੇ, ੨੦੫) ਆਦਿਕ ।

**੧੯. ਲਹਿੰਦੀ ਬੋਲੀ:**

ਸ਼ਲੋਕ ਡਖਣੇ ਮਹਲਾ ੫, ਲਹਿੰਦੀ ਅਤੇ ਸਿੰਧੀ ਬੋਲੀ ਵਿੱਚ ਹਨ ।

**੨੦. ਮੁਲਤਾਨੀ:**

ਹੁਣ ਇਸ ਨਾਂ ਦੀ ਭਾਸ਼ਾ ਨਹੀਂ ਹੈ ਕਿਉਂਕਿ ਇਸ ਦੀ ਜਗਾਹ 'ਸਰਾਇਕੀ' ਭਾਸ਼ਾ ਨੇ ਲੈ ਲਈ ਹੈ । ਸਰਾਇਕੀ ਦਾ ਪਹਿਲਾ ਨਾਂ ਹੀ ਮੁਲਤਾਨੀ ਸੀ ਜੋ ਸਰਾਇਕੀ ਦੀ ਹੀ ਉਪਭਾਸ਼ਾ ਸੀ । ਗੁਰਬਾਣੀ ਵਿੱਚ ਇਸ ਭਾਸ਼ਾ ਨਾਲ਼ ਸੰਬੰਧਤ ਸ਼ਬਦ ਹਨ, ਜਿਵੇਂ: ਕੁੰਨੇ (੧੩੮੧; ਮੁਲਤਾਨੀ- ਕੁੰਨਾ, ਹਾਂਡੀ), ਪੰਧਾਣੂ (=ਰਾਹੀ, ੧੦੯੮; ਮੁਲਤਾਨੀ 'ਪੰਧੇੜੂ') ਆਦਿਕ ।

**੨੧. ਮਾਰਵਾੜੀ:**

ਇਹ ਰਾਜਸਥਾਨੀ ਭਾਸ਼ਾ ਦੀ ਇੱਕ ਉੱਘੀ ਸ਼ਾਖਾ ਹੈ ਜੋ ਰਾਜਸਥਾਨ ਦੇ ਮਾਰਵਾੜ ਖਿੱਤੇ ਤੋਂ ਬਿਨਾਂ, ਗੁਜਰਾਤ, ਹਰਿਆਣਾ, ਨੇਪਾਲ, ਪੂਰਬੀ ਪਾਕਿਸਤਾਨ ਆਦਿਕ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ । ਇਲਾਕੇ ਅਨੁਸਾਰ ਇਸ ਦੀਆਂ ਦੋ ਲਿੱਪੀਆਂ ਹਨ; ਦੇਵਨਾਗਰੀ ਅਤੇ ਪਰਸ਼ੀਓ-ਅ਼ਰਬੀ (ਪਹਿਲਾਂ ਇਹ ਲੰਡੇ ਭਾਸ਼ਾ ਦੀ ਮਹਾਜਨੀ ਲਿੱਪੀ ਵਿੱਚ ਲਿਖੀ ਜਾਂਦੀ ਸੀ) । ਭਾਰਤ ਵਿੱਚ, ਸੰਨ ੨੦੧੧ ਦੀ ਜਨ ਗਣਨਾ ਅਨੁਸਾਰ, ੭.੮ ਮਿਲੀਅਨ ਲੋਕ ਮਾਰਵਾੜੀ ਬੋਲਦੇ ਹਨ । ਗੁਰਬਾਣੀ ਵਿੱਚੋਂ ਇਸ ਬੋਲੀ ਨਾ਼ਲ ਸੰਬੰਧਤ ਕੁੱਝ ਸ਼ਬਦ ਹਨ, ਜਿਵੇਂ: ਕਰਣੋ (੧੪੨੮), ਉਗਵਣਹੁ (੯੬੮, ਮਾਰਵਾੜੀ 'ਉਗਣੋ'), ਬਿਦਾਰਣ (੧੩੬੦, ਮਾਰਵਾੜੀ 'ਵਦਾਰਣੋ'); ਨਿਵਾਰਣੋ, ਹਾਰਣੋ, ਤਾਰਣੋ, ਸਮ੍ਹਾਲਣੋ, ਭਾਲਣੋ, ਜਾਨਣੋ, ਚਾਰਣੋ, ਕਾਰਣੋ…੯੬੩; ਰੋ (=ਦਾ, ਮਹਰਾਜ ਰੋ, ੭੧੫), ਰੀ (=ਦੀ, ਮਹਰਾਜ ਰੀ, ੭੧੫), ਲੜਕਾ (੮੭੫), ਆਖਰ (=ਅੱਖਰ, ੨੬੨), ਭਗਵਾਨ (੧੯੫), ਕੀੜੀ (੫), ਛੋਰੂ (=ਬੱਚੇ, ੪੨੧), ਛੋਰੂ ਤੋਂ ਬਣੇ 'ਛੋਹਰਾ' (੮੧੧) ਅਤੇ 'ਛੋਹਰਿ' (੧੦੨੨), ਥਾਰੇ (੪੨੧), ਥਾਰੋ (=ਤੇਰਾ, ੬੯੫), ਊਭੀ (=ਖੜੀ, ੧੩੬੨; ਮਾਰਵਾੜੀ 'ਉਭੋ'), ਘਣੋ (=ਬਹੁਤਾ, ੭੧੫), ਕੁਨੁ (=ਕੌਣ, ੬੯੪; ਮਾਰਵਾੜੀ 'ਕੁਣ'), ਘੋੜੀ (੫੭੬), ਭੈਸ (=ਮੱਝ, ੪੮੧), ਬਾਤ (=ਗੱਲ, ੫੦; ਮਾਰਵਾੜੀ 'ਵਾਤ'), ਆਛਹੁ (੯੩), ਬਾਮਣੁ (੧੪੨੫), ਬਾਂਸੁ (੧੩੬੫), ਬਟਾਊ (੨੬੮), ਬਾਵਲੀ (੧੧੯੬), ਭਰਤਾਰੁ (੭੮੬), ਬਾਈ (=ਭੈਣ, ੬੫੭), ਭੀਤ (=ਕੰਧ, ੫੮), ਬਿਲੋਵਨਾ (੪੭੮), ਚੌਧਰੀ (੬੩), ਚੂਨ (=ਆਟਾ), ਚੂਨੜੀ (=ਰੰਗੀ ਹੋਈ, ੧੦੯੧), ਦਾਮ (=ਪੈਸਾ, ੧੩੩), ਦੇਵਰ (ਰਿਸ਼ਤਾ, ੩੭੧), ਦਿਰਾਨੀ (ਰਿਸ਼ਤਾ, ੮੫੬), ਜੇਠ (ਰਿਸ਼ਤਾ, ੪੮੨), ਘੂੰਘਟੁ (=ਪੜਦਾ, ੪੮੪), ਜਾਨ ਬੂਝਿ (੭੨੭), ਜੇਵਰੀ (=ਰੱਸੀ, ੧੩੬੮), ਜੇਵੜੀ (=ਰੱਸੀ, ਫਾਹੀ, ੭੪). ਝੀਣੀ (=ਹੌ਼ਲੀ ਹੌ਼ਲੀ, ੨੩), ਕਾਮਣ (=ਟੂਣੇ, ੭੨੫), ਖੀਚਰੀ (੧੩੭੪), ਨਿਆਰੋ (੭੮੫), ਲਾਪਸੀ (=ਪਤਲਾ ਕੜਾਹ, ੪੭੯), ਲਾਮੀ (੪੯੭), ਨੇਤ੍ਰਉ (=ਮਧਾਣੀ ਦੀ ਰੱਸੀ, ੭੨੮), ਪਨਿਹਾਰੀ (੩੨੫), ਰੀਤੇ (=ਖਾਲੀ, ੧੪੧), ਰੁਲਤਾ (੮੬੮), ਸਗਲਾ (੯੯), ਸਮ੍ਹਾਲੇ (੩੪੭), ਸੀਵ (=ਥਾਂ ਦੀ ਹੱਦ, ੮੫੩), ਲੂਗਰਾ (=ਤਨ ਢਕਣ ਲਈ ਕੱਪੜਾ, ੮੧੧), ਬੈਸਿ (=ਬੈਠ ਕੇ, ੧੦੦), ਨੀਰਉ (=ਨੇੜੇ, ੭੦੦), ਕਾਗਦ (੧੫), ਢਬੂਆ (=ਪੈਸਾ, ੩੮੧), ਮੇਹ (=ਮੀਂਹ, ੬੦) ਆਦਿਕ ।

**੨੨ ਡੋਗਰੀ:**

ਡੋਗਰੀ ਦਾ ਸੱਭ ਤੋਂ ਪੁਰਾਣਾਂ ਹਵਾਲਾ (ਸਿੰਧੀ ਓ ਲਾਹੌਰੀ ਓ ਡੋਗਰ) ਸੰਨ ੧੩੧੭ ਈਸਵੀ ਵਿੱਚ ਅਮੀਰ ਖ਼ੁਸਰੋ ਦੀ ਲਿਖੀ ਮਸਨਵੀ 'Nuh-Siphir' ਵਿੱਚ ਮਿ਼ਲਦਾ ਹੈ । ਮੁੱਖ ਤੌਰ ਤੇ ਭਾਰਤ ਵਿੱਚ ਜੰਮੂ ਖੇਤਰ ਵਿੱਚ ਬੋਲੀ ਜਾਂਦੀ ਹੈ, ਡੋਗਰੀ । ਭਾਰਤੀ ਸੰਵਿਧਾਨ ਦੀਆਂ ੨੨ ਮਾਨਤਾ ਪ੍ਰਾਪਤ ਭਾਸ਼ਾਵਾਂ ਵਿੱਚ ਡੋਗਰੀ ਵੀ ਦਰਜ ਹੈ । ਇਹ ਹੁਣ ਦੇਵਨਾਗਰੀ ਲਿੱਪੀ ਵਿੱਚ ਲਿਖੀ ਜਾਂਦੀ ਹੈ । ਇਸ ਦੀਆਂ ਹੋਰ ਲਿੱਪੀਆਂ ਟਾਕਰੀ ਲਿੱਪੀ ਦੇ ਡੋਗਰਾ ਅੱਖਰ ਅਤੇ ਪਰਸ਼ੀਓ-ਅ਼ਰਬੀ ਹਨ । ਸਾਰੇ ਭਾਰਤ ਵਿੱਚ ੨.੬ ਮਿਲੀਅਨ (ਜਨ ਗਣਨਾ ੨੦੧੧ ਅਨੁਸਾਰ) ਲੋਕ ਡੋਗਰੀ ਬੋਲਦੇ ਹਨ । ਗੁਰਬਾਣੀ ਵਿੱਚੋਂ ਇਸ ਬੋਲੀ ਦੇ ਕੁੱਝ ਸ਼ਬਦ ਹਨ, ਜਿਵੇਂ: ਆਂਬ (=ਅੰਬ, ੧੩੭੧), ਧੀਨ (=ਅਧੀਨ, ੭੧੬), ਨੈਨ (=ਅੱਖਾਂ, ੧੩), ਭਉਨ (=ਭਵਨ, ੨੨੧), ਬਰਖਾ (੬੫੭), ਧਨਖੁ (=ਧਨੁਸ਼, ੩੩੧), ਖੀਨਾ (=ਕਮਜ਼ੋਰ, ੬੫੯), ਗਾਲਾਇ (=ਬੋਲ, ੧੩੮੪), ਪਸੂਮਿ (੧੩੯੩), ਸੂਅਰ (੧੪੧), ਭਾਤੁ (=ਰਿੱਝੇ ਚਾਵਲ, ੪੭੯; ਡੋਗਰੀ 'ਭੱਤ'), ਨਮਸਤੇ (੮੭੪), ਦੁਨੀਆ (੭੨੭) ਆਦਿਕ ।

**੨੩. ਨੇਪਾਲੀ:**

ਭਾਰਤੀ ਸੰਵਿਧਾਨ ਵਿੱਚ ਪ੍ਰਵਾਨਤ ੨੨ ਭਾਸ਼ਾਵਾਂ ਵਿੱਚ ਦਰਜ ਹੈ । ਇਸ ਬੋਲੀ ਦੇ ਪਹਿਲੇ ਨਾਂ ਖਾਸ ਕੁਰਾ ਅਤੇ

ਗੋਰਖਲੀ ਸਨ । ਨੇਪਾਲ ਤੋਂ ਬਿਨਾਂ ਇਸ ਭਾਸ਼ਾ ਦੇ ਬੋਲਣ ਵਾਲ਼ੇ ਲੋਕ ਅਸਾਮ, ਮਿਜ਼ੋਰਾਮ, ਉੱਤਰਾਖੰਡ, ਭੁਟਾਨ, ਅਰੁਨਾਚਲ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਸਿੱਕਿਮ, ਪੱਛਮੀ ਬੰਗਾਲ ਆਦਿਕ ਵਿੱਚ ਵੀ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਭਾਸ਼ਾ ਦੇ ਮਿਲ਼ਦੇ ਸ਼ਬਦਾਂ ਵਿੱਚੋਂ ਕੁੱਝ ਸ਼ਬਦ ਹਨ, ਜਿਵੇਂ: ਖੇਲ (੨੩੮), ਤਾਲ (=ਸਰੋਵਰ, ੧੨੭੮), ਰੁਖ (੪੮੬), ਜਾੜਾ (=ਠੰਢ, ੧੧੦੯; ਨੇਪਾਲੀ ‘ਜਾਡੋ’), ਅੰਮ (=ਮਾਂ, ੭੩; ਨੇਪਾਲੀ ‘ਆਮਾ’), ਦੁਇ (=ਦੋ, ੮), ਭਇਓ (੧੭੬), ਕੂਕਰ (੨੧; ਨੇਪਾਲੀ ‘ਕੁਕੁਰ’), ਬਾਘੁ (੧੪੧੦), ਗਹਰੋ (੨੪੧), ਮਹਘੋ (੪੧੩), ਗਾਹਰੋ (੫੩੪), ਹਲੁਕੀ (੩੩੩), ਥੋਰੈ (੧੩੬੭), ਗਾਈ (=ਗਾਂ, ੪੮੧), ਗੰਭੀਰ (੯੯), ਨਜੀਕਿ (੧੨੭੪), ਭਿੰਤਰਿ (੧੪੦੫), ਪਾਰਿ (੪੪), ਸੰਗ (੨੫੨), ਰੋਟੀ (੧੩੭੯), ਨਮਸਤੇ (੮੭੪), ਬਲਇਓ (=ਬੱਲ, ੪੮੭; ਨੇਪਾਲੀ ‘ਬਲਿਓ’), ਲਾਗਿਓ (੨੧੫), ਮੀਠੋ (੧੨੨੨; ਨੇਪਾਲੀ ‘ਮਿੱਠੋ’), ਮੇਰੋ (੨੧੪), ਕੁਨੁ (=ਕੌਣ, ੬੯੪), ਏਕਲ (੯੮੮), ਅੰਧਕਾਰ (੪੦੨), ਬੀਚ (੬੭੧), ਪਠਾਏ (੯੨੨), ਬਿਆਪਕ (੪੮੫), ਠਾਉਂ, ਭਨਿ (=ਆਖਣਾ, ੧੪੦੦), ਪਹਿਲੇ (=ਪਹਿਲਾਂ, ੪੮੫), ਸਹੀ (=ਸੱਚੀ, ੯੫੩), ਪਠਾਏ (=ਭੇਜੇ, ੯੦੭), ਰਿਸਾਇ (=ਗੁੱਸੇ ਵਿੱਚ, ੧੧੬੩; ਨੇਪਾਲੀ ‘ਰਿਸਾਇਕੋ’) ਆਦਿਕ ।

**੨੪ ਗੁਜਰਾਤੀ:**

ਭਾਰਤੀ ਸੰਵਿਧਾਨ ਵਿੱਚ ਪ੍ਰਵਾਨਤ ੨੨ ਭਾਸ਼ਾਵਾਂ ਵਿੱਚ ਦਰਜ ਹੈ । ਇਹ ਘੱਟ ਤੋਂ ਘੱਟ ੭੦੦ ਸਾਲ ਪੁਰਾਣੀ ਭਾਸ਼ਾ ਹੈ । ਸੰਨ ੨੦੧੧ ਈਸਵੀ ਦੀ ਮਰਦਮਸ਼ੁਮਾਰੀ ਅਨੁਸਾਰ ਗੁਜਰਾਤੀ, ਭਾਰਤ ਵਿੱਚ ਸੱਭ ਤੋਂ ਵੱਧ ਬੋਲੀਆਂ ਜਾਣ ਵਾਲ਼ੀਆਂ ਛੇ ਭਾਸ਼ਾਵਾਂ ਵਿੱਚੋਂ ਇੱਕ ਹੈ । ਇਹ ਗੁਜਰਾਤ ਰਾਜ ਤੋਂ ਬਿਨਾਂ, ਦਾਦਰ, ਨਗਰ ਹਵੇਲੀ, ਦਮਨ ਤੇ ਦਿਉ ਦੀ ਸਰਕਾਰੀ ਭਾਸ਼ਾ ਹੈ । ‘ਦਾ ਸਟਰੇਟਸ ਟਾਈਮਜ਼’ ੧੯ ਜਨਵਰੀ ੨੦੧੭ ਅਨੁਸਾਰ ੫੫ ਮਿਲੀਅਨ ਲੋਕ ਸੰਸਾਰ ਵਿੱਚ ਗੁਜਰਾਤੀ ਬੋਲਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਭਾਸ਼ਾ ਦੇ ਆਏ ਸ਼ਬਦਾਂ ਵਿੱਚੋਂ ਕੁੱਝ ਸ਼ਬਦ ਹਨ, ਜਿਵੇਂ: ਨਾਨ੍ਹਾ (=ਨਿੱਕਾ, ੫੦੯), ਨਾਨ੍ਹੀ (=ਨਿੱਕੀ, ੧੨੭੪), ਨਵਾ (=ਨੀਤ ਨਵਾ, ੬੬੦), ਸਾਰੁ (=ਚੰਗਾ, ੨੦), ਬੇ (=੨, ੧੧੦੯), ਬੀਜੋ (=ਦੂਜਾ, ੧੩੪੮), ਗਾਇ (=ਗਾਂ, ੮੭੪), ਕੁਤਰਾ (=ਕਤੂਰਾ, ੪੮੧), ਕੁਤਰੇ (=ਕਤੂਰੇ, ੧੭੧), ਨਜੀਕਿ (=ਨੇੜੇ, ੧੨੭੪), ਸਾਥੇ (੮੦), ਜੋਹੀ (=ਤੱਕਣਾਂ, ੨੪),